**ਦਫਤਰ ਮੁੱਖ ਡਾਇਰੈਕਟਰ,**
**ਵਿਜੀਲੈਂਸ ਬਿਊਰੋ ਹੈਡਕੁਆਟਰਜ਼, ਪੰਜਾਬ**
ਵਿਜੀਲੈਸ ਭਵਨ, ਸੈਕਟਰ-68, ਐਸ.ਏ.ਐਸ.ਨਗਰ
ਫੋਨ : 0172-2217100-200 (ਕੰਟਰੋਲ ਰੂਮ ਅਤੇ ਫੈਕਸ)

ਸਰਕੂਲਰ ਨੰਬਰ : 08/2019

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆਂ ਵੱਲੋਂ ਕਰੀਮੀਨਲ ਅਪੀਲ ਨੰਬਰ 2003 ਆਫ 2012 ਬਾਬਤ ਰਿਤੇਸ਼ ਸਿਨਹਾ ਵਰਸਿਜ ਸਟੇਟ ਆਫ ਉਤਰ ਪ੍ਰਦੇਸ਼ ਅਤੇ ਹੋਰ ਵਿੱਚ ਮਿਤੀ 02-08-2019 ਨੂੰ ਦਿੱਤੇ ਗਏ ਫੈਸਲੇ ਨੂੰ ਆਪ ਦੇ ਧਿਆਨ ਵਿੱਚ ਲਿਆਉਦੇ ਹੋਏ ਲਿਖਿਆ ਜਾਂਦਾ ਹੈ ਕਿ ਤਫਤੀਸ਼ੀ ਦੌਰਾਨ ਤਫਤੀਸ਼ੀ ਅਫਸਰ ਵੱਲੋਂ ਹੁਣ ਦੋਸ਼ੀ ਦੀ ਅਵਾਜ ਦੇ ਨਮੂਨੇ ਹਾਸਲ ਕਰਨ ਲਈ ਦੋਸ਼ੀ ਦੀ ਗ੍ਰਿਫਤਾਰੀ ਉਪਰੰਤ ਦੋਸ਼ੀ ਦੀ ਸਹਿਮਤੀ ਹਾਸਲ ਕਰਨੀ ਲੋੜੀਂਦੀ ਨਹੀਂ ਹੈ, ਪ੍ਰੰਤੂ ਦੋਸ਼ੀ ਦੇ ਅਵਾਜ ਦੇ ਨਮੂਨੇ ਹਾਸਲ ਕਰਨ ਲਈ ਸਬੰਧਤ ਜੁਡੀਸੀਅਲ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਦਰਖਾਸਤ ਪੇਸ਼ ਕੀਤੀ ਜਾਣੀ ਲਾਜਮੀ ਹੈ। ਜੇਕਰ ਮਾਨਯੋਗ ਅਦਾਲਤ ਵਿੱਚ ਦੋਸ਼ੀ ਵੱਲੋਂ ਸਬੰਧਤ ਮੈਜਿਸਟ੍ਰੇਟ ਨੂੰ ਆਪਣੀ ਅਵਾਜ ਦੇ ਨਮੂਨੇ ਨਾ ਲੈਣ ਸਬੰਧੀ ਦਰਖਾਸਤ ਵੀ ਦਿੱਤੀ ਜਾਦੀ ਹੈ ਤਾਂ ਉਸ ਦਾ ਫੈਸਲਾ ਸਬੰਧਤ ਮੈਜਿਸਟ੍ਰੇਟ ਵੱਲੋਂ ਹੀ ਕੀਤਾ ਜਾਵੇਗਾ ਕਿ ਦੋਸ਼ੀ ਦੀ ਅਵਾਜ ਦੇ ਨਮੂਨੇ ਪੁਲਿਸ ਵੱਲੋਂ ਹਾਸਲ ਕੀਤੇ ਜਾ ਸਕਦੇ ਹਨ ਜਾਂ ਨਹੀਂ। ਦੋਸ਼ੀ ਪਾਸੋਂ ਅਵਾਜ ਦੇ ਨਮੂਨੇ ਸਬੰਧਤ ਮੈਜਿਸਟ੍ਰੇਟ ਦੇ ਹੁਕਮਾਂ ਉਪਰੰਤ ਹੀ ਹਾਸਲ ਕੀਤੇ ਜਾ ਸਕਦੇ ਹਨ। ਜੇਕਰ ਦੋਸ਼ੀ ਪਾਸੋਂ ਉਸ ਦੇ ਅਵਾਜ ਦੇ ਨਮੂਨੇ ਹਾਸਲ ਕਰਨ ਲਈ ਅਸਹਿਮਤੀ ਵੀ ਦਿੱਤੀ ਜਾਂਦੀ ਹੈ ਤਾਂ ਵੀ ਸਬੰਧਤ ਮੈਜਿਸਟ੍ਰੇਟ ਦੋਸ਼ੀ ਦੀ ਅਵਾਜ ਦੇ ਨਮੂਨੇ ਹਾਸਲ ਕਰਨ ਲਈ ਤਫਤੀਸ਼ੀ ਅਫਸਰ ਨੂੰ ਆਪਣੇ ਹੁਕਮ/ਫੈਸਲੇ ਰਾਂਹੀ ਦਿਸ਼ਾ ਨਿਰਦੇਸ਼ ਦੇ ਸਕਦਾ ਹੈ।

ਸਹੀ/-
ਬੀ.ਕੇ.ਉਪਲ, ਆਈ.ਪੀ.ਐਸ
ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।

Scanned by CamScanner